# ਦਿ ਡਰਾਈਵ



ਫ਼ਰਵਰੀ 2024 ਅੰਕ 24

## ਇਸ ਐਡੀਸ਼ਨ ਵਿੱਚ

ਆਫ਼ਿਸ ਆਫ਼ ਦੀ ਬੀ ਸੀ ਕੰਟੇਨਰ ਟਰੱਕਿੰਗ ਕਮਿਸ਼ਨਰ ("ਓ ਬੀ ਸੀ ਸੀ ਟੀ ਸੀ") ਨੇ 2024 ਲਾਈਸੈਂਸ ਸੁਧਾਰ ਦੇ ਹਿੱਸੇ ਵਜੋਂ, ਆਗਾਮੀ 2024 ਲਾਈਸੈਂਸ ਵਿੱਚ ਪ੍ਰਸਤਾਵਿਤ ਤਬਦੀਲੀਆਂ ਜਾਰੀ ਕੀਤੀਆਂ। ਅਸੀਂ ਸਟੇਕਹੋਲਡਰਾਂ ਤੋਂ ਇਹਨਾਂ ਪ੍ਰਸਤਾਵਾਂ 'ਤੇ ਸੁਝਾਅ ਦੀ ਮੰਗ ਕੀਤੀ ਹੈ। ਓ ਬੀ ਸੀ ਸੀ ਟੀ ਸੀ ਜਲਦ ਹੀ ਸਲਾਹ-ਮਸ਼ਵਰੇ ਦੀਆਂ ਮੀਟਿੰਗਾਂ ਕਰਨਾ ਸ਼ੁਰੂ ਕਰ ਦੇਵੇਗਾ ਜਿੱਥੇ ਸਟੇਕਹੋਲਡਰਾਂ ਜਿਹਨਾਂ ਨੇ ਸਬਮਿਸ਼ਨਸ ਭੇਜੀਆਂ ਸਨ, ਉਹਨਾਂ ਨੂੰ ਸਵਾਲ ਪੁੱਛਣ ਅਤੇ ਫ਼ੀਡਬੈਕ ਦੇਣ ਦਾ ਮੌਕਾ ਮਿਲੇਗਾ। ਮੈਂ ਤੁਹਾਡੇ ਵਿੱਚੋਂ ਕੁਝ ਨੂੰ ਉੱਥੇ ਦੇਖਣ ਦੀ ਉਮੀਦ ਕਰਦਾ ਹਾਂ।

ਅਸੀਂ ਪਾਲਣਾ ਨੂੰ ਤਰਜੀਹ ਦੇਣ ਲਈ ਵਚਨਬੱਧ ਹਾਂ। ਮੈਂ ਦੇਖਿਆ ਕਿ ਕੁਝ ਲਾਈਸੈਂਸੀਸ ਸੀ ਟੀ ਐੱਸ ਲਾਈਸੈਂਸ ਲਈ ਇਲੈਕਟ੍ਰਾਨਿਕ ਤੌਰ 'ਤੇ ਤਿਆਰ ਕੀਤੇ ਗਏ ਰਿਕਾਰਡਾਂ ਦੀ ਲੋੜ ਦੀ ਪਾਲਣਾ ਨਹੀਂ ਕਰ ਰਹੇ ਸਨ, ਜਿਸ ਨੂੰ ਠੀਕ ਕਰਨ ਲਈ ਉਹਨਾਂ ਲਾਈਸੈਂਸੀਸ ਨੂੰ ਆਦੇਸ਼ ਜਾਰੀ ਕੀਤੇ ਹਨ। ਸਾਡੇ ਆਡਿਟਸ ਦੀ ਸਫ਼ਲਤਾ ਅਤੇ ਸਮਾਂ-ਸੀਮਾਵਾਂ ਲਈ ਇਹ ਲਾਜ਼ਮੀ ਹੈ ਕਿ ਲਾਈਸੈਂਸੀਸ ਇਸ ਲੋੜ ਨੂੰ ਪੂਰਾ ਕਰਨ।

ਆਪਣੇ ਲਾਗੂਕਰਨ ਦੇ ਯਤਨਾਂ ਵਿੱਚ ਬਹਿਤਰ ਦਿੱਖ ਅਤੇ ਸਹਾਇਤਾ ਪ੍ਰਦਾਨ ਕਰਨ ਲਈ, ਓ ਬੀ ਸੀ ਸੀ ਟੀ ਸੀ ਨੇ 2023 ਦੀ ਆਖਰੀ ਤਿਮਾਹੀ ਵਿੱਚ ਆਪਣਾ ਟਰੱਕ ਟੈਗ ("ਓ ਬੀ ਸੀ ਸੀ ਟੀ ਸੀ ਟੈਗ") ਪੇਸ਼ ਕੀਤਾ। ਅਸੀਂ ਇਸ ਤਿਮਾਹੀ ਵਿੱਚ ਉਹਨਾਂ ਨੂੰ ਮੌਜੂਦਾ ਟੀ ਐੱਲ ਐੱਸ ਟੈਗਡ ਟਰੱਕਾਂ (ਦੋਵੇਂ ਕੰਪਨੀ ਟਰੱਕ ਅਤੇ ਆਈ/ਓ ਟਰੱਕ) 'ਤੇ ਲਗਾਉਣਾ ਜਾਰੀ ਰੱਖ ਰਹੇ ਹਾਂ।

ਇੰਡੀਪੈਨਡੈਂਟ ਔਪਰੇਟਰਾਂ ("ਆਈ/ਓ") ਲਈ ਓਵਰਟਾਈਮ ਰੇਟਾਂ ਨੂੰ ਪੇਸ਼ ਕਰਨ ਲਈ ਸਾਡੀ ਵਚਨਬੱਧਤਾ ਨੂੰ ਕਾਇਮ ਰੱਖਦੇ ਹੋਏ, ਮੈਂ 2023 ਦੀ ਰੇਟ ਰਿਵੀਊ ਕੌਂਸਲਟੇਸ਼ਨ ਰਿਪੋਰਟ ਦਾ ਐਡੈਂਡਮ 2 ਜਾਰੀ ਕਰਦੇ ਹੋਏ, ਮੇਰੇ ਪ੍ਰਸਤਾਵ 'ਤੇ ਸੁਝਾਵਾਂ ਨੂੰ ਸੱਦਾ ਦਿੱਤਾ। ਆਈ/ਓ ਲਈ ਓਵਰਟਾਈਮ ਦੀ ਗਣਨਾ ਕਰਨ ਲਈ ਅੰਤਮ ਫਾਂਰਮੂਲੇ ਸਾਰੀਆਂ ਸਬਮਿਸ਼ਨਸ ਦੀ ਸਮੀਖਿਆ ਕਰਨ ਤੋਂ ਬਾਅਦ ਜਾਰੀ ਕੀਤੇ ਜਾਣਗੇ।

ਅੰਤ ਵਿੱਚ, ਅਸੀਂ *ਕੰਟੇਨਰ ਟਰੱਕਿੰਗ ਐਕਟ* ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਕਮਰਸ਼ੀਅਲ ਵਹੀਕਲ ਸੇਫ਼ਟੀ ਇਨਫ਼ੋਰਸਮੈਂਟ ਟੀਮ ਦੇ ਨਾਲ ਸਾਂਝੀਆਂ ਇਨਫ਼ੋਰਸਮੈਂਟ ਪਹਿਲਕਦਮੀਆਂ ਨੂੰ ਸੰਚਾਲਿਤ ਕਰਕੇ ਲਾਗੂਕਰਨ ਨੂੰ ਤਰਜੀਹ ਦੇਣ ਦੇ ਆਪਣੇ ਯਤਨਾਂ ਵਿੱਚ ਦ੍ਰਿੜ ਰਹਿਣਾ ਜਾਰੀ ਰੱਖਦੇ ਹਾਂ।

ਸੱਚੇ ਦਿਲੋਂ,

ਗਲੈੱਨ ਮੈਕਇੰਨਸ

## ਲਾਈਸੈਂਸੀਸ ਅਤੇ ਡਰਾਈਵਰਾਂ ਲਈ ਸ੍ਰੋਤ

**ਆਫ਼ਿਸ ਆਫ਼ ਦੀ ਬੀ ਸੀ ਕੰਟੇਨਰ ਟਰੱਕਿੰਗ ਕਮਿਸ਼ਨਰ**
604-660-6051
obcctc.ca

**ਕੌਨਫ਼ੀਡੈਂਸ਼ਲ ਡਰੇਜ਼ ਕੰਪਲੇਂਟ ਲਾਈਨ (ਕੌਨਫ਼ੀਡੈਂਸਲਾਈਨ)**
1-877-713-5109
www.drayage.confidenceline.net

**ਵੈਨਕੂਵਰ ਫਰੇਜ਼ਰ ਪੋਰਟ ਅਥਾਰਿਟੀ ਟੀ ਐੱਲ ਐੱਸ ਐਡਮਨਿਸਟਰੇਟਰ**
604-665-9333

**ਓ ਬੀ ਸੀ ਸੀ ਟੀ ਸੀ ਰੇਟ ਆਰਡਰ**
obcctc.ca/rate-order

**ਓ ਬੀ ਸੀ ਸੀ ਟੀ ਸੀ ਦੇ ਫ਼ੈਸਲੇ**
obcctc.ca/decisions

**ਓ ਬੀ ਸੀ ਸੀ ਟੀ ਸੀ ਦੀਆਂ ਪਾਲਸੀਆਂ**
obcctc.ca/policies

**ਓ ਬੀ ਸੀ ਸੀ ਟੀ ਸੀ ਇੰਡਸਟਰੀ ਮਿਮੋਜ਼**
obcctc.ca/industry-communications

***ਕੰਟੇਨਰ ਟਰੱਕਿੰਗ ਐਕਟ***
obcctc.ca/act

***ਕੰਟੇਨਰ ਟਰੱਕਿੰਗ ਰੈਗੂਲੇਸ਼ਨ***
obcctc.ca/regulation

# ਨਵਾਂ ਕੀ ਹੈ

## 2024 ਲਾਈਸੈਂਸ ਸੁਧਾਰ

ਓ ਬੀ ਸੀ ਸੀ ਟੀ ਸੀ ਨੇ ਆਗਾਮੀ 2024 ਸੀ ਟੀ ਐੱਸ ਲਾਈਸੈਂਸ ਵਿੱਚ ਪ੍ਰਸਤਾਵਿਤ ਬਦਲਾਅ ਜਾਰੀ ਕੀਤੇ ਹਨ। 16 ਜਨਵਰੀ, 2024 ਨੂੰ ਇੱਕ ਬੁਲੇਟਿਨ ਜਾਰੀ ਕੀਤਾ ਗਿਆ ਸੀ, ਜਿਸ ਵਿੱਚ ਸਟੇਕਹੋਲਡਰਾਂ ਨੂੰ 26 ਫਰਵਰੀ, 2024 ਤੋਂ ਪਹਿਲਾਂ ਆਪਣੀਆਂ ਸਬਮਿਸ਼ਨਸ ਜਮ੍ਹਾਂ ਕਰਾਉਣ ਅਤੇ ਫ਼ੀਡਬੈਕ ਪ੍ਰਦਾਨ ਕਰਨ ਲਈ ਸੱਦਾ ਦਿੱਤਾ ਗਿਆ ਸੀ, ਜਿਸ ਤੋਂ ਬਾਅਦ ਓ ਬੀ ਸੀ ਸੀ ਟੀ ਸੀ ਸਟੇਕਹੋਲਡਰਾਂ ਨਾਲ ਵਿਅਕਤੀਗਤ ਸਲਾਹ-ਮਸ਼ਵਰੇ ਲਈ ਮੀਟਿੰਗਾਂ ਕਰੇਗੀ। ਸਲਾਹ-ਮਸ਼ਵਰੇ ਦੀ ਮਿਆਦ ਦੀ ਸਮਾਪਤੀ ਤੋਂ ਬਾਅਦ ਇੱਕ ਅੰਤਮ ਲਾਈਸੈਂਸ ਪੈਕੇਜ ਜਾਰੀ ਕੀਤਾ ਜਾਵੇਗਾ।

ਇੱਥੇ ਹੋਰ ਜਾਣੋ

## ਇੰਡੀਪੈਨਡੈਂਟ ਔਪਰੇਟਰਾਂ ਲਈ ਓਵਰਟਾਈਮ ਦੀ ਗਣਨਾ


2023 ਰੇਟ ਰਿਵਿਊ ਦੇ ਹਿੱਸੇ ਵਜੋਂ, ਓ ਬੀ ਸੀ ਸੀ ਟੀ ਸੀ ਨੇ ਡਰਾਈਵਰਾਂ ਲਈ ਓਵਰਟਾਈਮ ਦਾ ਸੁਝਾਅ ਦਿੱਤਾ। ਇੰਡੀਪੈਨਡੈਂਟ ਔਪਰੇਟਰਾਂ ਦੇ ਓਵਰਟਾਈਮ ਲਈ ਗੁੰਝਲਦਾਰ ਗਣਨਾ ਦੇ ਮੱਦੇਨਜ਼ਰ, ਗਣਨਾ ਪ੍ਰਸਤਾਵਾਂ 'ਤੇ ਸਬਮਿਸ਼ਨਸ ਨੂੰ ਸੱਦਾ ਦੇਣ ਵਾਲੀ ਕੌਨਸਲਟੇਸ਼ਨ ਰਿਪੋਰਟ ਦਾ ਇੱਕ ਐਡੈਂਡਮ ਜਾਰੀ ਕੀਤੀ ਗਈ। ਫ਼ੀਡਬੈਕ ਦੀ ਧਿਆਨ ਨਾਲ ਸਮੀਖਿਆ ਕਰਨ ਤੋਂ ਬਾਅਦ, ਓ ਬੀ ਸੀ ਸੀ ਟੀ ਸੀ ਨੇ ਕੌਨਸਲਟੇਸ਼ਨ ਰਿਪੋਰਟ ਦਾ ਅਡੈਂਡਮ 2 ਜਾਰੀ ਕੀਤਾ ਅਤੇ 23 ਫਰਵਰੀ, 2024 ਤੱਕ ਅਡੈਂਡਮ 2 ਵਿੱਚ ਜ਼ਿਕਰ ਕੀਤੇ ਪ੍ਰਸਤਾਵਾਂ 'ਤੇ ਸਟੇਕਹੋਲਡਰਾਂ ਤੋਂ ਸਬਮਿਸ਼ਨਸ ਮੰਗੀਆਂ।


ਇੱਥੇ ਐਡੈਂਡਮ ਪੜ੍ਹੋ

## ਓ ਬੀ ਸੀ ਸੀ ਟੀ ਸੀ ਟੈਗ

ਓ ਬੀ ਸੀ ਸੀ ਟੀ ਸੀ ਪ੍ਰਵਾਨਿਤ ਟੀ ਐੱਲ ਐੱਸ ਟਰੱਕਾਂ 'ਤੇ ਓ ਬੀ ਸੀ ਸੀ ਟੀ ਸੀ ਟੈਗਸ ਲਗਾਉਣ ਦੀ ਆਪਣੀ ਪਹਿਲਕਦਮੀ ਨੂੰ ਪੂਰੀ ਲਗਨ ਨਾਲ ਜਾਰੀ ਰੱਖ ਰਿਹਾ ਹੈ। ਸਾਨੂੰ ਇਹ ਦੱਸਦਿਆਂ ਮਾਣ ਮਹਿਸੂਸ ਹੁੰਦਾ ਹੈ ਕਿ ਜ਼ਿਆਦਾਤਰ ਟਰੱਕਾਂ 'ਤੇ ਟੈਗ ਲਗਾਏ ਜਾ ਚੁੱਕੇ ਹਨ। ਜੋ ਟਰੱਕ ਅਜੇ ਬਾਕੀ ਹਨ, ਓ ਬੀ ਸੀ ਸੀ ਟੀ ਸੀ ਦਾ ਉਦੇਸ਼ ਹੈ ਕਿ ਉਹਨਾਂ 'ਤੇ ਇਸ ਤਿਮਾਹੀ ਵਿੱਚ ਟੈਗ ਲਗਾ ਦਿੱਤੇ ਜਾਣ।

# ਨਿਯਮਾਂ ਦੀ ਪਾਲਣਾ ਬਾਰੇ ਓ ਬੀ ਸੀ ਸੀ ਟੀ ਸੀ ਵੱਲੋਂ ਤਾਜ਼ਾ ਜਾਣਕਾਰੀ






# ਤਾਜ਼ਾ ਫ਼ੈਸਲੇ

### ਐੱਮ ਡੀ ਡਬਲੀਊ ਐਕਸਪ੍ਰੈਸ ਟਰਾਂਸਪੋਰਟ ਲਿਮਿਟਿਡ (ਸੀ ਟੀ ਸੀ ਫ਼ੈਸਲਾ ਨੰ. 02/2024) - 6,000 ਡਾਲਰ ਜੁਰਮਾਨਾ

ਇਹ ਨਿਰਧਾਰਿਤ ਕੀਤਾ ਗਿਆ ਕਿ ਕੰਪਨੀ 2022 ਸੀ ਟੀ ਐੱਸ ਲਾਈਸੈਂਸ ਦੇ ਸੈਕਸ਼ਨ 6.10 ਦੀ ਉਲੰਘਣਾ ਵਿੱਚ ਇਲੈਕਟ੍ਰਾਨਿਕ ਤੌਰ 'ਤੇ ਤਿਆਰ ਕੀਤੇ ਪੇਰੋਲ ਰਿਕਾਰਡ ਬਣਾਉਣ ਅਤੇ ਸਾਂਭਣ ਵਿੱਚ ਅਸਫ਼ਲ ਰਹੀ। ਨਤੀਜੇ ਵਜੋਂ, ਐੱਮ ਡੀ ਡਬਲੀਊ ਨੂੰ 6,000.00 ਡਾਲਰ ਦੀ ਰਕਮ ਵਿੱਚ ਪ੍ਰਬੰਧਕੀ ਜੁਰਮਾਨਾ ਅਦਾ ਕਰਨ ਦਾ ਹੁਕਮ ਦਿੱਤਾ ਗਿਆ।

### ਕੁਆਲਿਟੀ ਫ਼ੌਰੈਸਟ ਪ੍ਰੌਡਕਟਸ ਲਿਮਿਟਿਡ (ਸੀ ਟੀ ਸੀ ਫ਼ੈਸਲਾ ਨੰ. 01/2024) - 5,000 ਡਾਲਰ ਜੁਰਮਾਨਾ

ਓ ਬੀ ਸੀ ਸੀ ਟੀ ਸੀ ਨੇ ਪਾਇਆ ਕਿ ਕੰਪਨੀ ਆਪਣੇ ਡਰਾਈਵਰਾਂ ਨੂੰ ਉਹਨਾਂ ਦੇ ਬਕਾਇਆ ਪੈਸੇ ਦਾ ਭੁਗਤਾਨ ਨਹੀਂ ਕਰ ਰਹੀ ਸੀ ਅਤੇ ਉਹਨਾਂ ਨੂੰ 5,000.00 ਡਾਲਰ ਦੀ ਰਕਮ ਵਿੱਚ ਪ੍ਰਬੰਧਕੀ ਜੁਰਮਾਨਾ ਲਗਾਇਆ ਗਿਆ।

### ਸਿਮਾਰਡ ਵੈਸਟਲਿੰਕ ਇੰਕ. ਸਪਲੀਮੈਂਟਲ ਫ਼ੈਸਲਾ (ਸੀ ਟੀ ਸੀ ਫ਼ੈਸਲਾ ਨੰ. 16/2023), ਅਤੇ<br>ਸਿਮਾਰਡ ਵੈਸਟਲਿੰਕ ਇੰਕ. ਰੀਕਨਸਿਡਰੇਸ਼ਨ ਫ਼ੈਸਲਾ (ਸੀ ਟੀ ਸੀ ਫ਼ੈਸਲਾ ਨੰ. 04/2024)

ਉਹਨਾਂ ਦੇ ਸ਼ੁਰੂਆਤੀ ਫ਼ੈਸਲੇ ਨੰਬਰ 9/2023 ਦੇ ਬਾਅਦ, ਸਿਮਾਰਡ ਵੈਸਟਲਿੰਕ ਇੰਕ. ਨੂੰ ਇੱਕ ਸਪਲੀਮੈਂਟਲ ਫ਼ੈਸਲਾ ਅਤੇ ਬਾਅਦ ਵਿੱਚ ਇੱਕ ਰੀਕਨਸਿਡਰੇਸ਼ਨ ਫ਼ੈਸਲਾ ਜਾਰੀ ਕੀਤਾ ਗਿਆ।

### ਵੈਸਟ ਕੋਸਟ ਫ਼ਰੇਟ ਲਿਮਿਟਿਡ (ਸੀ ਟੀ ਸੀ ਫ਼ੈਸਲਾ ਨੰ. 15/2023) - 1,500 ਡਾਲਰ ਜੁਰਮਾਨਾ

ਵੈਸਟ ਕੋਸਟ ਫ਼ਰੇਟ ਲਿਮਿਟਿਡ ਨੇ ਲੋਅਰ ਮੇਨਲੈਂਡ ਵਿੱਚ ਬਿਨਾਂ ਟੈਗ ਕੀਤੇ ਟਰੱਕਾਂ ਦੇ ਨਾਲ ਕੰਟੇਨਰ ਟਰੱਕਿੰਗ ਸੇਵਾਵਾਂ ਪ੍ਰਦਾਨ ਕਰਕੇ ਅਤੇ ਬਿਨਾਂ ਲਾਈਸੈਂਸ ਵਾਲੀਆਂ ਕੰਪਨੀਆਂ ਨੂੰ ਕੰਮ ਉਪ-ਕੰਟਰੈਕਟ ਕਰਕੇ ਆਪਣੇ ਲਾਈਸੈਂਸ ਦੀ ਉਲੰਘਣਾ ਕੀਤੀ। ਕੰਪਨੀ ਨੂੰ 1,500.00 ਡਾਲਰ ਜੁਰਮਾਨਾ ਲਗਾਇਆ ਗਿਆ।

ਓ ਬੀ ਸੀ ਸੀ ਟੀ ਸੀ ਦੇ ਸਾਰੇ ਫ਼ੈਸਲੇ ਇੱਥੇ ਵੇਖੋ

# ਨਿਆਇਕ ਰਿਵੀਉ

### ਯੂ ਟੀ ਏ ਟਰੱਕਰਜ਼ ਸੋਸਾਇਟੀ ਆਫ਼ ਬ੍ਰਿਟਿਸ਼ ਕੋਲੰਬੀਆ ਆਦਿ ਬਨਾਮ ਓ ਬੀ ਸੀ ਸੀ ਟੀ ਸੀ - ਬੀ ਸੀ ਸੁਪਰੀਮ ਕੋਰਟ ਦਾ ਫ਼ੈਸਲਾ

ਯੂ ਟੀ ਏ ਟਰੱਕਰਜ਼ ਸੋਸਾਇਟੀ ਆਫ਼ ਬੀ ਸੀ ("ਯੂ ਟੀ ਏ") ਨੇ ਸਾਬਕਾ ਕਮਿਸ਼ਨਰ ਮਾਈਕਲ ਕ੍ਰਾਫ਼ੋਰਡ ਦੀ ਜੁਲਾਈ 2022 ਦੀ ਵਧੀਕ ਟੈਗ ਅਲਾਟਮੈਂਟ ਅਤੇ ਨਵੰਬਰ 2023 ਦੀ ਟਰੱਕ ਟੈਗਸ ਦੀ ਮੁੜ ਵੰਡ ਦੀ ਐਪਲੀਕੇਸ਼ਨ ਨੂੰ ਚੁਣੌਤੀ ਦੇਣ ਲਈ ਬੀ ਸੀ ਸੁਪਰੀਮ ਕੋਰਟ ਵਿੱਚ ਇੱਕ ਪਟੀਸ਼ਨ ਦਾਇਰ ਕੀਤੀ। ਬੀ ਸੀ ਸੁਪਰੀਮ ਕੋਰਟ ਨੇ ਸਟੇਅ ਲਈ ਯੂ ਟੀ ਏ ਦੀ ਅਰਜ਼ੀ ਨੂੰ ਖਾਰਜ ਕਰ ਦਿੱਤਾ।

ਹੋਰ ਨਿਆਇਕ ਰਿਵੀਉ ਇੱਥੇ ਵੇਖੋ

## ਕਮਸ਼ਿਨਰ ਦੀ ਆਊਟਰੀਚ

ਪਿਛਲੇ ਸਾਲ ਆਪਣੀ ਨਿਯੁਕਤੀ ਤੋਂ ਲੈ ਕੇ ਹੁਣ ਤੱਕ, ਕਮਿਸ਼ਨਰ ਗਲੈੱਨ ਮੈਕਇੰਨਸ ਵੱਖ-ਵੱਖ ਸਟੇਕਹੋਲਡਰਾਂ ਨਾਲ ਜੁੜਨ ਦੇ ਯਤਨਾਂ ਵਿੱਚ ਸਰਗਰਮੀ ਨਾਲ ਸ਼ਾਮਲ ਹੁੰਦੇ ਦਿਖਾਈ ਦਿੱਤੇ। ਅਸੀਂ ਤੁਹਾਡੇ ਨਾਲ ਕਮਿਸ਼ਨਰ ਦੇ ਉਦਯੋਗ ਨੂੰ ਵਧਣ-ਫੁੱਲਣ ਦੀ ਸਹੂਲਤ ਪ੍ਰਦਾਨ ਕਰਨ ਲਈ ਸਮਰਪਣ ਅਤੇ ਵਚਨਬੱਧਤਾ ਦੀਆਂ ਕੁਝ ਝਲਕੀਆਂ ਸਾਂਝੀਆਂ ਕਰ ਰਹੇ ਹਾਂ।












# ਕੀ ਤੁਸੀਂ ਜਾਣਦੇ ਹੋ?

## ਇਲੈਕਟ੍ਰਾਨਿਕ ਰਿਕਾਰਡਕੀਪਿੰਗ

ਇਹ ਹਰ ਲਾਈਸੈਂਸੀ ਦੀ ਜ਼ਿੰਮੇਵਾਰੀ ਹੈ ਕਿ ਉਹ ਇਲੈਕਟ੍ਰਾਨਿਕ ਤੌਰ 'ਤੇ ਤਿਆਰ ਕੀਤੇ ਗਏ ਰਿਕਾਰਡਾਂ ਦੀ ਸਾਂਭ-ਸੰਭਾਲ ਕਰਨ ਅਤੇ ਇਲੈਕਟ੍ਰਾਨਿਕ ਰਿਕਾਰਡ ਰੱਖਣ ਲਈ ਇੱਕ ਸਿਸਟਮ ਦੀ ਵਰਤੋਂ ਕਰਨ। ਇਹ ਸੀ ਟੀ ਐੱਸ ਲਾਈਸੈਂਸ ਦੀ ਲੋੜ ਹੈ। ਇਹ ਉਪਾਅ ਪਾਲਣਾ ਨੂੰ ਯਕੀਨੀ ਬਣਾਉਂਦੇ ਹਨ, ਕੁਸ਼ਲਤਾ ਵਧਾਉਂਦੇ ਹਨ, ਅਤੇ ਵਾਤਾਵਰਣ ਪ੍ਰਭਾਵ ਨੂੰ ਘਟਾਉਂਦੇ ਹਨ।

[ਵੇਰਵਿਆਂ ਲਈ ਮੌਜੂਦਾ ਲਾਈਸੈਂਸ ਪੜ੍ਹੋ]

## ਓ ਬੀ ਸੀ ਸੀ ਟੀ ਸੀ ਦੀ ਕੌਨਫ਼ੀਡੈਂਸਲਾਈਨ

ਜੇਕਰ ਤੁਹਾਨੂੰ ਕੋਈ ਚਿੰਤਾਵਾਂ ਹਨ ਅਤੇ ਤੁਸੀਂ ਕੰਮ 'ਤੇ ਦੁਰਵਿਹਾਰ ਦੀ ਰਿਪੋਰਟ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਸ਼ਿਕਾਇਤ ਦਰਜ ਕਰਨ ਲਈ ਓ ਬੀ ਸੀ ਸੀ ਟੀ ਸੀ ਦੀ ਕੌਨਫ਼ੀਡੈਂਸਲਾਈਨ ਦੀ ਵਰਤੋਂ ਕਰੋ। ਕੌਨਫ਼ੀਡੈਂਸਲਾਈਨ ਅਨੈਤਿਕ ਆਚਰਣ, ਜਿਸ ਵਿੱਚ ਧੋਖਾਧੜੀ, ਧੱਕੇਸ਼ਾਹੀ, ਅੰਡਰਕਟਿੰਗ ਅਤੇ ਪਰੇਸ਼ਾਨੀ ਸ਼ਾਮਲ ਹਨ, ਦੀ ਰਿਪੋਰਟ ਕਰਨ ਦੀ ਇੱਕ ਸੁਰੱਖਤ ਵਿਧੀ ਪ੍ਰਦਾਨ ਕਰਦੀ ਹੈ। ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਕੌਨਫ਼ੀਡੈਂਸਲਾਈਨ ਦੀ ਵਰਤੋਂ ਕਰਨ ਵਾਲੇ ਕਿਸੇ ਵੀ ਵਿਅਕਤੀ ਦੀ ਪਛਾਣ ਹਮੇਸ਼ਾ ਸੁਰੱਖਿਤ ਅਤੇ ਗੁਪਤ ਰੱਖੀ ਜਾਂਦੀ ਹੈ। ਇਸ ਸੇਵਾ ਦਾ ਲਾਭ 1-877-713-5109 'ਤੇ ਕਾਲ ਕਰਕੇ ਲਿਆ ਜਾ ਸਕਦਾ ਹੈ। ਇਹ ਸੇਵਾ ਅੰਗਰੇਜ਼ੀ ਅਤੇ ਪੰਜਾਬੀ ਵਿੱਚ 24 ਘੰਟੇ, ਹਫ਼ਤੇ ਦੇ 7 ਦਿਨ ਉਪਲਬਧ ਹੈ। ਕਿਰਪਾ ਕਰਕੇ ਯਕੀਨੀ ਬਣਾਓ ਕਿ ਤੁਸੀਂ ਆਪਣੀ ਸਿਕਾਇਤ ਦੀ ਪੁਸ਼ਟੀ ਕਰਨ ਲਈ ਸਾਰੀ ਸੰਬੰਧਿਤ ਜਾਣਕਾਰੀ ਅਤੇ ਵੇਰਵੇ ਸ਼ਾਮਲ ਕੀਤੇ ਹਨ। ਇੱਕ ਵਾਰ ਜਦੋਂ ਤੁਸੀਂ ਇੱਕ ਸ਼ਿਕਾਇਤ ਦਰਜ ਕਰ ਲੈਂਦੇ ਹੋ, ਤਾਂ ਡੁਪਲੀਕੇਸ਼ਨ ਤੋਂ ਬਚਣ ਲਈ ਉਸ ਨੂੰ ਕਈ ਵਾਰ ਦੁਬਾਰਾ ਦਰਜ ਨਾ ਕਰੋ।

[ਵਧੇਰੀ ਜਾਣਕਾਰੀ ਲਈ ਇੱਥੇ ਕਲਿੱਕ ਕਰੋ]

## ਇੰਡੀਪੈਨਡੈਂਟ ਔਪਰੇਟਰ ਅਤੇ ਇੰਡੀਰੇਕਟਲੀ ਇਮਪਲੋਈਡ ਔਪਰੇਟਰ

ਜਦੋਂ ਇੱਕ ਇੰਡੀਪੈਨਡੈਂਟ ਔਪਰੇਟਰ 90 ਦਿਨਾਂ ਤੋਂ ਵੱਧ ਸਮੇਂ ਲਈ ਲਾਈਸੈਂਸੀ ਲਈ ਕੰਟੇਨਰ ਟਰੱਕਿੰਗ ਸੇਵਾਵਾਂ ਪ੍ਰਦਾਨ ਕਰਨ ਵਿੱਚ ਅਸਮਰੱਥ ਹੁੰਦਾ ਹੈ, ਤਾਂ ਉਹਨਾਂ ਦਾ ਸਪਾਂਸਰਸ਼ਿਪ ਐਗਰੀਮੈਂਟ ਰੱਦ ਕਰ ਦਿੱਤਾ ਜਾਂਦਾ ਹੈ, ਅਤੇ ਇੰਡੀਪੈਨਡੈਂਟ ਔਪਰੇਟਰ ਨੂੰ ਇੱਕ ਅਕਿਰਿਆਸ਼ੀਲ ਆਈ/ਓ ਵਜੋਂ ਆਈ/ਓ ਲਿਸਟ ਵਿੱਚ ਰੱਖਿਆ ਜਾਂਦਾ ਹੈ। ਜਦੋਂ ਇੱਕ ਅਕਿਰਿਆਸ਼ੀਲ ਆਈ/ਓ ਕੰਮ 'ਤੇ ਵਾਪਸ ਜਾਣ ਲਈ ਤਿਆਰ ਹੋ ਜਾਂਦਾ ਹੈ, ਉਹ ਇੱਕ ਨਵੇਂ ਸਪਾਂਸਰਸ਼ਿਪ ਐਗਰੀਮੈਂਟ 'ਤੇ ਹਸਤਾਖਰ ਕਰਦੇ ਹਨ ਅਤੇ ਮੁੜ ਇੱਕ ਸਰਗਰਮ ਆਈ/ਓ ਬਣ ਜਾਂਦੇ ਹਨ। ਲਾਈਸੈਂਸੀ ਅਤੇ ਆਈ/ਓ ਇੱਕ ਆਈ/ਓ ਜੋ ਕੰਟੇਨਰ ਟਰੱਕਿੰਗ ਸੇਵਾਵਾਂ ਪ੍ਰਦਾਨ ਨਹੀਂ ਕਰ ਰਿਹਾ ਹੈ ਨੂੰ ਬਦਲਣ ਲਈ ਆਈ ਈ ਓ ਦੀ ਵਰਤੋਂ ਕਰਨ ਦੇ ਹੱਕਦਾਰ ਨਹੀਂ ਹਨ। 10 ਕਾਰੋਬਾਰੀ ਦਿਨਾਂ ਦੇ ਅੰਦਰ, ਰਜਿਸਟਰਾਰ ਨੂੰ registrar@obcctc.ca 'ਤੇ ਈਮੇਲ ਕਰਕੇ ਓ ਬੀ ਸੀ ਸੀ ਟੀ ਸੀ ਨੂੰ ਉਹਨਾਂ ਦੀ ਫ਼ਲੀਟ (ਆਈ/ਓ ਅਤੇ ਡਰਾਈਵਰਾਂ) ਵਿੱਚ ਕਿਸੇ ਵੀ ਤਬਦੀਲੀ ਬਾਰੇ ਸੂਚਿਤ ਕਰਨਾ ਲਾਈਸੈਂਸੀ ਦੀ ਜ਼ਿੰਮੇਵਾਰੀ ਹੈ।

## ਸਾਨੂੰ ਫੇਸਬੁੱਕ 'ਤੇ ਫ਼ਾਲੋ ਕਰਨਾ ਨਾ ਭੁੱਲੋ

ਕੰਟੇਨਰ ਟਰੱਕਿੰਗ ਉਦਯੋਗ ਬਾਰੇ ਜਾਣਨ ਲਈ ਸਾਡੀ ਫੇਸਬੁੱਕ ਕਮਿਊਨਟੀ ਨਾਲ ਜੁੜੋ। ਅਸੀਂ ਓ ਬੀ ਸੀ ਸੀ ਟੀ ਸੀ ਗਤੀਵਿਧੀਆਂ ਅਤੇ ਇੰਡਸਟਰੀ ਸਟੇਕਹੋਲਡਰਾਂ ਲਈ ਮਹੱਤਵਪੂਰਨ ਜਾਣਕਾਰੀ ਦੇ ਸਬੰਧ ਵਿੱਚ ਲਗਾਤਾਰ ਅੱਪਡੇਟ ਪੋਸਟ ਕਰਦੇ ਰਹਿੰਦੇ ਹਾਂ।

**obcctc.ca/facebook 'ਤੇ ਸਾਨੂੰ ਫ਼ਾਲੋ ਕਰੋ।**

OFFICE OF THE BRITISH COLUMBIA CONTAINER TRUCKING COMMISSIONER

1085 ਕੈਮਬੀ ਸਟ੍ਰੀਟ, ਵੈਨਕੂਵਰ ਬੀ ਸੀ V6B 5L7

ਫ਼ੋਨ: 604-660-6051 | ਫ਼ੈਕਸ: 604-660-6045 | ਈਮੇਲ: info@obcctc.ca | obcctc.ca